ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025
ISSN: 2583-9446 (O)
Paper Published Id: ARMN030417
Available online at: www.armaan.org.in
DOI: https://doi.org/10.64119/armaan.vol.3.issue4.17

# ਬਲਜੀਤ ਕੌਰ ਬਲੀ ਦੇ ਪਾਤਰ: 'ਧੁੱਪ ਦੀ ਵਾਟ' ਨਾਵਲ ਦੇ ਸੰਦਰਭ ਵਿਚ

# Baljeet Kaur Bali De Patar: 'Dhup Di Vaat' Naval De Sandrabh Vich

**ਡਾ.ਕਿਰਨਪਾਲ ਕੌਰ (Dr. Kiranpal Kaur)**
**ਸਹਾਇਕ ਪ੍ਰੋਫ਼ੈਸਰ ਅਤੇ ਮੁਖੀ ਪੰਜਾਬੀ ਵਿਭਾਗ (Asst. Prof. & Head Dept. of Punjabi)**
**ਦਸਮੇਸ਼ ਖਾਲਸਾ ਕਾਲਜ, ਜ਼ੀਰਕਪੁਰ (ਪੰਜਾਬ)**
**Email ID: kiransarwara57@gmail.com ਮੋਬਾਈਲ: +91-8283820783**

**ਸਾਰ (Abstract)**

*'ਧੁੱਪ ਦੀ ਵਾਟ' ਨਾਵਲ ਬਲਜੀਤ ਕੌਰ ਬਲੀ ਦਾ ਯਥਾਰਥਕ ਨਾਵਲ ਹੈ ਜਿਸ ਵਿੱਚ ਪਰੰਪਰਾ ਤੇ ਆਧੁਨਿਕਤਾ ਦੇ ਦਵੰਦ ਵਿਚੋਂ ਉਪਜੇ ਤਨਾਉ ਨੂੰ ਸ਼ਹਿਰੀ ਤੇ ਆਧੁਨਿਕ ਸ਼੍ਰੇਣੀ ਦੇ ਪਾਤਰਾਂ ਦੀ ਮਾਨਸਿਕਤਾ ਤੇ ਦਵੰਦ ਰਾਹੀਂ ਰੂਪਮਾਨ ਕੀਤਾ ਗਿਆ ਹੈ। 'ਧੁੱਪ ਦੀ ਵਾਟ' ਨਾਵਲ ਤਿੰਨ ਪੀੜ੍ਹੀਆਂ ਦੀ ਔਰਤਾਂ ਦੇ ਜੀਵਨ ਬਿਰਤਾਂਤ ਰਾਹੀਂ, ਬਦਲਦੇ ਸਮਾਜ-ਸਭਿਆਚਾਰ ਦੇ ਸੰਦਰਭ ਵਿਚ ਪਰੰਪਰਕ ਸਮਾਜ ਤੋਂ ਆਧੁਨਿਕ ਸਮਾਜ ਤੱਕ ਔਰਤ ਦੀ ਸਥਿਤੀ ਵਿਚ ਆਏ ਪਰਿਵਰਤਨ ਨੂੰ ਪ੍ਰਸਤੁਤ ਕਰਦਾ ਹੈ। ਪਹਿਲੀ ਪੀੜ੍ਹੀ ਦੀ ਔਰਤ ਦੇ ਦੇਵੀ ਵਾਲੇ ਰੂਪ ਤੋਂ ਅਤਿ ਆਧੁਨਿਕ ਔਰਤ ਦੇ ਖੁਲ੍ਹੇ ਜਿਨਸੀ ਸੰਬੰਧਾਂ ਨੂੰ ਭੋਗਣ ਵਾਲੇ ਰੂਪ ਤੱਕ ਦੇ ਜੀਵਨ ਬਿਰਤਾਂਤ ਨੂੰ ਨਾਵਲ ਵਿਚ ਯਥਾਰਥਕ ਰੂਪ ਵਿਚ ਚਿਤਰਿਆ ਗਿਆ ਹੈ। ਇਸ ਨਾਵਲ ਵਿਚ ਸਮਾਜ ਵਿਕਾਸ ਅਨੁਸਾਰ ਤਿੰਨ ਪਰਿਸਥਿਤੀਆਂ ਨਹੀਂ ਬਲਕਿ ਤਿੰਨ ਯੁਗਾਂ ਦਾ ਵਰਨਣ ਮਿਲਦਾ ਹੈ।*

**ਕੀਵਰਡ (Keyword):** *ਪਰੰਪਰਾ, ਆਧੁਨਿਕਤਾ, ਪੰਜਾਬੀ ਸਮਾਜ-ਸਭਿਆਚਾਰ ,ਪਾਤਰਾਂ ਦਾ ਮਾਨਸਿਕ ਦਵੰਦ, ਔਰਤ ਤ੍ਰਾਸਦੀ, ਔਰਤ-ਮਰਦ ਸੰਬੰਧ।*

ਬਲਜੀਤ ਕੌਰ ਬਲੀ ਯਥਾਰਥਵਾਦੀ ਲੇਖਿਕਾ ਹੈ। ਉਸਨੇ ਪਰੰਪਰਕ ਪੇਂਡੂ ਸਮਾਜ-ਸਭਿਆਚਾਰ ਨਾਲ ਸੰਬੰਧਿਤ ਨਾਵਲਾਂ ਵਿਚ ਆਰਥਿਕ, ਸਮਾਜਿਕ ਕਠੋਰਤਾ ਦੇ ਸ਼ਿਕਾਰ ਪਾਤਰਾਂ ਦੀ ਤ੍ਰਾਸਦੀ ਨੂੰ ਯਥਾਰਥਕ ਰੂਪ ਵਿਚ ਚਿਤਰਿਆ ਹੈ। ਲੇਖਿਕਾ ਸ਼ਹਿਰੀ ਤੇ ਆਧੁਨਿਕ ਸ਼੍ਰੇਣੀ ਦੇ ਪਾਤਰਾਂ ਦੀ ਮਾਨਸਿਕਤਾ ਤੇ ਦਵੰਦ ਨੂੰ ਵੀ ਗਹਿਰਾਈ ਨਾਲ ਚਿਤਰਦੀ ਹੈ। ਪਰੰਪਰਕ ਤੇ ਆਧੁਨਿਕ ਕੀਮਤ ਪ੍ਰਬੰਧ ਦੇ ਦਵੰਦ ਵਿਚ ਫਸੇ ਮਨੁੱਖ ਦੀ ਮਨੋਵੇਦਨਾ ਨੂੰ ਲੇਖਿਕਾ ਬਖ਼ੂਬੀ ਪ੍ਰਗਟ ਕਰਦੀ ਹੈ। ਬਲਜੀਤ ਕੌਰ ਬਲੀ ਦੀ ਨਾਵਲ ਰਚਨਾ ਦੀ ਵਿਸ਼ੇਸ਼ਤਾ ਔਰਤ ਤੇ ਮਰਦ ਪਾਤਰਾਂ ਨੂੰ ਉਲਾਰ ਰੂਪ ਵਿਚ ਨਾ ਚਿਤਰ ਕੇ ਸੰਤੁਲਿਤ ਦ੍ਰਿਸ਼ਟੀਕੋਣ ਤੋਂ ਚਿਤਰਨ ਵਿਚ ਹੈ। ਬਲਜੀਤ ਕੌਰ ਬਲੀ ਨੇ ਵਿਭਿੰਨ ਵਿਸ਼ਿਆਂ ਨੂੰ ਆਧਾਰ ਬਣਾ ਕੇ ਯਥਾਰਥਕ ਦ੍ਰਿਸ਼ਟੀਕੋਣ ਤੋਂ ਪਾਤਰਾਂ ਦੀ ਸਿਰਜਣਾ ਕੀਤੀ ਹੈ।ਬਲਜੀਤ ਕੌਰ ਬਲੀ ਨੇ ਪੇਂਡੂ ਸਮਾਜ-ਸਭਿਆਚਾਰ ਅਤੇ ਸ਼ਹਿਰੀ ਪੜ੍ਹੀ-ਲਿਖੀ ਸ਼੍ਰੇਣੀ ਦੋਵਾਂ ਨੂੰ ਆਪਣੇ ਨਾਵਲਾਂ ਵਿਚ ਪ੍ਰਸਤੁਤ ਕੀਤਾ ਹੈ। ਬਲੀ ਆਧੁਨਿਕ ਸਮਾਜ-ਸਭਿਆਚਾਰ ਨਾਲ ਸੰਬੰਧਿਤ ਪਾਤਰਾਂ ਨੂੰ ਪਰੰਪਰਕ ਤੇ ਆਧੁਨਿਕ ਕੀਮਤਾਂ ਦਾ ਦਵੰਦ ਭੋਗਦਿਆਂ ਮੂਰਤੀਮਾਨ ਕਰਦੀ ਹੈ। ਪਰੰਪਰਕ ਕੀਮਤਾਂ ਦਾ ਤਿਆਗ ਨਾ ਕਰ ਸਕਣਾ ਅਤੇ ਆਧੁਨਿਕ ਕੀਮਤਾਂ ਨੂੰ ਸੰਪੂਰਨ ਰੂਪ ਵਿਚ ਧਾਰਨ ਨਾ ਕਰ ਸਕਣਾ ਉਸਦੇ ਪਾਤਰਾਂ ਲਈ ਤਨਾਉ ਸਿਰਜਦਾ ਹੈ। ਲੇਖਿਕਾ ਪਰੰਪਰਾ ਤੇ ਆਧੁਨਿਕਤਾ ਦੇ ਟਕਰਾਉ ਰਾਹੀਂ ਔਰਤ-ਮਰਦ ਸੰਬੰਧਾਂ ਦੇ ਸੰਕਟਾਂ ਨੂੰ ਰੂਪਮਾਨ ਕਰਦੀ ਹੈ।

ਬਦਲਦੇ ਸਮੇਂ ਨਾਲ ਸਮਾਜ-ਸਭਿਆਚਾਰ ਅਤੇ ਮਨੁੱਖੀ ਰਿਸ਼ਤਿਆਂ ਵਿਚ ਪਰਿਵਰਤਨ ਆਇਆ ਹੈ। ਆਧੁਨਿਕ ਸਮਾਜ ਵਿਚ ਪਤੀ-ਪਤਨੀ ਸੰਬੰਧਾਂ ਵਿਚ ਵੀ ਤਬਦੀਲੀ ਵਾਪਰੀ ਹੈ। ਆਧੁਨਿਕ ਔਰਤ ਨੇ ਆਪਣੀ ਹੋਂਦ ਪ੍ਰਤੀ ਚੇਤੰਨ ਹੋਣ ਕਾਰਨ ਪਤੀ ਤੋਂ ਅਲੱਗ ਆਪਣੀ ਸਵੈ ਹੋਂਦ ਲਈ ਸੰਘਰਸ਼ ਕਰਨਾ ਆਰੰਭਿਆ ਹੈ। ਪਰੰਤੂ ਇਸ ਸਥਿਤੀ ਵਿਚ ਪਰੰਪਰਕ ਪੇਂਡੂ ਸਮਾਜ-ਸਭਿਆਚਾਰ ਨਾਲ ਜੁੜੀਆਂ ਔਰਤਾਂ ਪਰੰਪਰਾ ਤੇ ਆਧੁਨਿਕਤਾ ਦੇ ਦਵੰਦ ਦਾ ਸ਼ਿਕਾਰ ਹਨ। ਬਲੀ ਨੇ 'ਧੁੱਪ ਦੀ ਵਾਟ' ਨਾਵਲ ਵਿਚ ਪਰੰਪਰਾ ਤੇ ਆਧੁਨਿਕਤਾ ਦੇ ਦਵੰਦ ਵਿਚੋਂ ਉਪਜੇ ਤਨਾਉ ਨੂੰ ਰੂਪਮਾਨ ਕੀਤਾ ਹੈ। 'ਧੁੱਪ ਦੀ ਵਾਟ' ਨਾਵਲ ਤਿੰਨ ਪੀੜ੍ਹੀਆਂ ਦੀਆਂ ਔਰਤਾਂ ਦੇ ਜੀਵਨ ਬਿਰਤਾਂਤ ਰਾਹੀਂ, ਬਦਲਦੇ ਸਮਾਜ-ਸਭਿਆਚਾਰ ਦੇ ਸੰਦਰਭ ਵਿਚ ਔਰਤ ਦੀ ਸਥਿਤੀ ਨੂੰ ਉਜਾਗਰ ਕਰਦਾ ਹੈ। ਇਸ ਨਾਵਲ ਵਿਚ

> "ਸਮਾਜ ਵਿਕਾਸ ਅਨੁਸਾਰ ਤਿੰਨ ਪਰਿਸਥਿਤੀਆਂ ਨਹੀਂ ਬਲਕਿ ਤਿੰਨ ਯੁਗਾਂ ਦਾ ਵਰਨਣ ਮਿਲਦਾ ਹੈ। ਇਹ ਤਿੰਨ ਯੁਗ ਹਨ: *ਜਗੀਰਦਾਰੀ, ਅਰਧ-ਜਗੀਰਦਾਰੀ ਤੇ ਸਰਮਾਏਦਾਰੀ।"*[1]

ਲੇਖਿਕਾ ਨੇ ਤਿੰਨ ਪੀੜ੍ਹੀਆਂ ਦੀਆਂ ਔਰਤਾਂ ਨੂੰ ਭੂਆ ਗੁਲਾਬ ਕੌਰ, ਰਾਜਬੀਰ ਅਤੇ ਕਲਪਨਾ ਪਾਤਰਾਂ ਰਾਹੀਂ ਪ੍ਰਸਤੁਤ ਕੀਤਾ ਹੈ। ਭੂਆ ਗੁਲਾਬ ਕੌਰ ਪਰੰਪਰਕ ਸਮਾਜ-ਸਭਿਆਚਾਰ ਵਿਚ ਔਰਤ ਦੀ ਸਥਿਤੀ ਨੂੰ ਬਿਆਨ ਕਰਦੀ *ਹੈ।*

> *"ਗੁਲਾਬ ਕੌਰ ਨਾਵਲ ਵਿਚ ਲਗਭਗ ਦੌ ਪੀੜ੍ਹੀਆਂ ਪਹਿਲਾਂ ਦੀ ਇਸਤਰੀ ਦੀ ਸਮਾਜਿਕ ਸਥਿਤੀ ਦੇ ਪ੍ਰਤੀਨਿੱਧ ਰੂਪ ਦੀ ਸਿਰਜਣਾ ਕਰਦੀ ਹੈ, ਜਦੋਂ ਇਸਤਰੀ ਨੂੰ ਵਿਧਵਾ ਹੋ ਜਾਣ ਤੇ ਸਾਰੀ ਉਮਰ ਆਪਣੇ ਵੱਡੇ ਵਡੇਰਿਆਂ ਦੀ ਮਰਜ਼ੀ ਅਨੁਸਾਰ ਬਤੀਤ ਕਰਨੀ ਪੈਂਦੀ ਸੀ। ਅਨਪੜ੍ਹ ਹੋਣ ਕਾਰਣ ਇਸਤਰੀ ਨੂੰ ਕੋਈ ਵੀ ਅਜ਼ਾਦੀ ਹਾਸਲ ਨਹੀਂ ਸੀ।"*[2]

ਭੂਆ ਗੁਲਾਬ ਕੌਰ ਜਗੀਰੂ ਸਮਾਜ ਦੀ ਚੜ੍ਹਤ ਸਮੇਂ ਦੀਆਂ ਪਰੰਪਰਕ ਕੀਮਤਾਂ ਅਨੁਸਾਰ ਵਿਧਵਾ ਹੋਣ ਕਾਰਨ ਇਕੱਲਤਾ ਵਾਲਾ ਜੀਵਨ ਬਤੀਤ ਕਰਦੀ ਹੈ। ਉਹ

©ਅਰਮਾਨ (ARMAAN) Received: 13 Nov. 2025 Accepted: 30 Nov. 2025 Published: 05 Dec. 2025

ਇਕ ਆਦਰਸ਼ਕ, ਸਿਦਕ ਤੇ ਸਿਰੜ ਵਾਲੀ ਔਰਤ ਹੈ ਜਿਹੜੀ ਪਰੰਪਰਕ ਨੈਤਿਕ ਕੀਮਤਾਂ ਦੀ ਕਠੋਰਤਾ ਕਾਰਨ ਮਨੁੱਖੀ ਹੋਂਦ ਦੀ ਨਿਰਹੋਂਦ ਦਾ ਸੰਤਾਪ ਭੋਗਦੀ ਹੈ। ਜਗੀਰਦਾਰੀ ਸਮਾਜ-ਸਭਿਆਚਾਰ ਦੇ ਧਾਰਮਿਕ ਵਿਸ਼ਵਾਸ ਅਤੇ ਨੈਤਿਕ ਕਦਰਾਂ-ਕੀਮਤਾਂ ਗੁਲਾਬ ਕੌਰ ਨੂੰ ਨਾ ਚਾਹੁੰਦਿਆਂ ਵੀ ਵਿਧਵਾ ਵਾਲਾ ਜੀਵਨ ਜਿਉਣ ਲਈ ਮਜਬੂਰ ਕਰਦੀਆਂ ਹਨ। ਵਿਧਵਾ ਹੋਣ ਉਪਰੰਤ ਜਦੋਂ ਉਹ ਧਰਮ ਦਾ ਆਸਰਾ ਲੈਂਦੀ ਹੈ ਤਾਂ ਸਮਾਜ ਵਿਚ ਉਸਦੀ ਚੰਗਿਆਈ ਅਤੇ ਇਕੱਲੇ ਰਹਿ ਕੇ ਜ਼ਿੰਦਗੀ ਗੁਜ਼ਾਰਨ ਦੀ ਸਿਫ਼ਤ ਹੁੰਦੀ ਹੈ। ਸਮਾਜ ਦੁਆਰਾ ਗੁਲਾਬ ਕੌਰ ਦਾ ਜੋ ਰੂਪ ਸਿਰਜਿਆ ਜਾਂਦਾ ਹੈ ਉਸਨੂੰ ਤੋੜਨ ਤੋਂ ਅਸਮਰੱਥ ਭੂਆ ਗੁਲਾਬ ਕੌਰ ਧਰਮ ਦੀ ਪਨਾਹ ਹੇਠ ਜ਼ਿੰਦਗੀ ਦੇ ਤਪਦੇ ਵਰ੍ਹੇ ਗੁਜ਼ਾਰ ਦਿੰਦੀ ਹੈ।

> *"ਗੁਲਾਬ ਕੌਰ ਸਾਰਾ ਜੀਵਨ ਦਵੰਦ ਵਿਚ ਕੱਟਦੀ ਹੈ। ਇਕ ਪਾਸੇ ਸਦਾਚਾਰਕ ਜ਼ੁੰਮੇਵਾਰੀਆਂ ਉਸ ਤੋਂ ਕੁਰਬਾਨੀ ਮੰਗਦੀਆਂ ਹਨ; ਦੂਜੇ ਪਾਸੇ ਉਸਨੂੰ ਆਪਣਾ ਜੀਵਨ ਨਿਰਾਰਥਕ ਜਾਂਦਾ ਜਾਪਦਾ ਹੈ। ਇਸੇ ਦਵੰਦ ਵਿਚ ਹੀ ਉਹ ਜੀਵਨ ਦਾ ਤਕੜਾ ਹਿੱਸਾ ਕੱਟ ਦਿੰਦੀ ਹੈ।"* [3]

ਗੁਲਾਬ ਕੌਰ ਦੀ ਚੇਤਨਾ ਸੀਮਿਤ ਹੈ। ਉਹ ਅਨਪੜ੍ਹ ਹੈ ਅਤੇ ਆਰਥਿਕ ਤੌਰ 'ਤੇ ਸਵੈ-ਨਿਰਭਰ ਵੀ ਨਹੀਂ ਹੈ। ਗੁਲਾਬ ਕੌਰ ਨੂੰ ਪੇਕੇ ਘਰ ਤੋਂ ਵੀ ਕੋਈ ਠਾਹਰ ਪ੍ਰਾਪਤ ਨਹੀਂ ਹੈ। ਪਤੀ ਤੇ ਭਰਾ ਦੀ ਅਣਹੋਂਦ, ਆਰਥਿਕ ਤੌਰ 'ਤੇ ਪਰ ਨਿਰਭਰਤਾ ਆਦਿ ਕਾਰਨਾਂ ਕਰਕੇ ਗੁਲਾਬ ਕੌਰ ਕੋਲ ਸੰਕਟ ਵਿਚੋਂ ਨਿਕਲਣ ਲਈ ਕੋਈ ਰਾਹ ਨੂੰ ਨਹੀਂ ਹੈ। ਇਹੋ ਜਿਹੀ ਸਥਿਤੀ ਵਿਚ ਦਵੰਦਾਤਮਕ ਮਾਨਸਿਕਤਾ ਦੀ ਸ਼ਿਕਾਰ ਹੋ ਕੇ ਉਹ ਮਨੁੱਖੀ ਹੋਂਦ ਦੀ ਨਿਰਹੋਂਦ ਦੀ ਤ੍ਰਾਸਦੀ ਭੋਗਦੀ ਹੈ।

ਗੁਲਾਬ ਕੌਰ ਤੋਂ ਅਗਲੀ ਪੀੜ੍ਹੀ ਦੀ ਔਰਤ ਰਾਜਬੀਰ ਵੀ ਦਵੰਦਾਤਮਕ ਮਾਨਸਿਕਤਾ ਦੀ ਸ਼ਿਕਾਰ ਪਾਤਰ ਹੈ। ਰਾਜਬੀਰ ਅਰਧ-ਜਗੀਰੂ ਤੇ ਅਰਧ-ਪੂੰਜੀਵਾਦੀ ਸਮਾਜ-ਸਭਿਆਚਾਰ ਦੀ ਪ੍ਰਤੀਨਿੱਧਤਾ ਕਰਦੀ ਹੈ। ਉਹ ਪੇਂਡੂ ਜਗੀਰਦਾਰੀ ਸਮਾਜ-ਸਭਿਆਚਾਰ ਵਿਚ ਜੰਮੀ ਪਲੀ ਹੋਣ ਕਾਰਨ ਜਗੀਰੂ ਵਿਚਾਰਾਂ ਤੋਂ ਵੀ ਪ੍ਰਭਾਵਿਤ ਹੈ ਅਤੇ ਪੜ੍ਹ-ਲਿਖ ਕੇ ਅਧਿਆਪਕਾ ਲਗਣ ਉਪਰੰਤ ਆਪਣੀ ਹੋਂਦ ਪ੍ਰਤੀ ਚੇਤੰਨ ਵੀ ਹੈ। ਰਾਜਬੀਰ ਦੁਚਿਤੀ ਦੀ ਅਵਸਥਾ ਵਿਚ ਵਿਚਰਦੀ ਹੈ। ਚਰਨਜੀਤ ਸਿੰਘ ਦਾ ਵਿਚਾਰ ਹੈ,

> *"ਭਾਰਤੀ ਸਮਾਜ ਵਿਚ ਅਜੇ ਪੂੰਜੀਵਾਦ ਪੂਰੀ ਤਰ੍ਹਾਂ ਸਥਾਪਤ ਨਹੀਂ ਹੋਇਆ। ਇਸ ਲਈ ਭਾਰਤੀ ਇਸਤਰੀ ਪੁਰਾਤਨ ਸੰਸਕਾਰਾਂ ਤੋਂ ਪੂਰੀ ਤਰ੍ਹਾਂ ਛੁਟਕਾਰਾ ਨਹੀਂ ਪਾ ਸਕੀ।"* [4]

ਰਾਜਬੀਰ ਆਰਥਿਕ ਤੌਰ ਤੇ ਸਵੈ-ਨਿਰਭਰ ਹੋਣ ਅਤੇ ਆਪਣੀ ਹੋਂਦ ਪ੍ਰਤੀ ਚੇਤੰਨ ਔਰਤ ਹੋਣ ਕਾਰਨ ਆਪਣੇ ਦੰਭੀ ਪਤੀ ਨਾਲੋਂ ਅਲੱਗ ਰਹਿਣ ਦਾ ਫ਼ੈਸਲਾ ਤਾਂ ਕਰਦੀ ਹੈ ਪਰੰਤੂ ਦੁਚਿਤੀ ਦੀ ਸ਼ਿਕਾਰ ਦ੍ਰਿਸ਼ਟੀਗੋਚਰ ਹੁੰਦੀ ਹੈ। ਰਾਜਬੀਰ ਆਪਣੇ ਪਤੀ ਨਾਲੋਂ ਅਲੱਗ ਹੋਣ ਦੇ ਬਾਵਜੂਦ ਉਸ ਨਾਲ ਦੁਬਾਰਾ ਰਹਿਣ ਬਾਰੇ ਮਨ ਵਿਚ ਇੱਛਾ ਰੱਖਦੀ ਹੈ। ਉਹ ਆਪਣੇ ਪਤੀ ਸਵਰਾਜ ਵੱਲੋਂ ਦਿਤੀ ਅੰਗੂਠੀ ਵੀ ਹੱਥ ਵਿਚੋਂ ਨਹੀਂ ਲਾਹੁੰਦੀ। ਸਵਰਾਜ ਦੇ ਆਪਣੀ ਭਾਣਜੀ ਕਲਪਨਾ ਨਾਲ ਜਿਨਸੀ ਸੰਬੰਧਾਂ ਬਾਰੇ ਜਾਣ ਕੇ ਅਤੇ ਕਲਪਨਾ ਦੇ ਹੱਥ ਵਿਚ ਸਵਰਾਜ ਦੀ ਅੰਗੂਠੀ ਵੇਖ ਕੇ ਰਾਜਬੀਰ ਨੂੰ ਬਹੁਤ ਧੱਕਾ ਲਗਦਾ ਹੈ। ਇਸ ਸਮੇਂ ਉਸ ਦੀ ਆਪਣੇ ਪਤੀ ਪ੍ਰਤੀ ਸਾਂਝ, ਅਪਣੱਤ ਅਤੇ ਮਨ ਵਿਚ ਉਸ ਨਾਲ ਦੁਬਾਰਾ ਰਿਸ਼ਤਾ ਕਾਇਮ ਕਰਨ ਦੀ ਭ੍ਰਾਂਤੀ ਟੁੱਟਣ ਦਾ ਵੇਰਵਾ ਨਾਵਲੀ ਬਿਰਤਾਂਤ ਵਿਚੋਂ ਇਸ ਪ੍ਰਕਾਰ ਮਿਲਦਾ ਹੈ :

> *"ਉਹ ਕਿਉਂ ਐਨੇ ਵਰ੍ਹੇ ਸਵਰਾਜ ਦਾ ਭਾਰ ਆਪਣੇ ਮੋਢਿਆਂ ਤੇ ਚੁੱਕੀ ਫਿਰਦੀ ਰਹੀ ਹੈ? ਕੀ ਉਸਨੇ ਸਵਰਾਜ ਨੂੰ ਪੂਰੀ ਤਰ੍ਹਾਂ ਆਪਣੇ ਮਨ 'ਚੋਂ ਨਹੀਂ ਸੀ ਕਢਿਆ? ਕੀ ਉਹ ਅਜੇ ਵੀ ਉਸ ਨਾਲ ਜੁੜੀ ਹੋਈ ਸੀ? ਜਾਂ ਕਿਸੇ ਬੇ-ਆਸੀ ਆਸ ਨਾਲ ਉਸਨੇ ਪੰਦਰਾਂ ਵਰ੍ਹੇ ਗਾਲ ਦਿੱਤੇ ਸਨ। ਕਿੰਜ ਜ਼ਿੰਦਗੀ ਦੇ ਹੁਸੀਨ ਵਰ੍ਹੇ ਜ਼ਬਤ ਦੀ ਭੱਠੀ ਵਿਚ ਸਾੜ ਕੇ ਸੁਆਹ ਕਰ ਸੁੱਟੇ ਸਨ।"* [5]

ਰਾਜਬੀਰ ਵਿਆਹ ਦੀ ਪਹਿਲੀ ਰਾਤ ਤੋਂ ਹੀ ਸਵਰਾਜ ਦੇ ਘਟੀਆ ਚਰਿੱਤਰ ਕਾਰਨ ਉਸ ਨਾਲੋਂ ਅਲੱਗ ਰਹਿਣਾ ਸ਼ੁਰੂ ਕਰ ਦਿੰਦੀ ਹੈ ਪਰੰਤੂ ਉਸਦੇ ਮਨ ਵਿਚੋਂ ਪਤੀ ਪ੍ਰਤੀ ਮੋਹ ਪੂਰਨ ਰੂਪ ਵਿਚ ਖ਼ਤਮ ਨਹੀਂ ਹੁੰਦਾ।

> *"ਆਰਥਿਕ ਤੌਰ 'ਤੇ ਆਜ਼ਾਦ ਹੋਣ ਦੇ ਬਾਵਜੂਦ ਵੀ ਆਧੁਨਿਕ ਔਰਤ ਮਰਦ-ਪ੍ਰਧਾਨ ਪਰੰਪਰਕ ਕੀਮਤ ਪ੍ਰਬੰਧ ਤੇ ਸੰਸਕਾਰਾਂ ਤੋਂ ਆਪਣੇ ਆਪ ਨੂੰ ਮੁਕਤ ਨਹੀਂ ਕਰਵਾ ਸਕੀ। ਆਧੁਨਿਕ ਲਿਬਾਸ ਵਿਚ ਘਰੋਂ ਬਾਹਰ ਨੌਕਰੀ ਕਰਦੀ ਔਰਤ ਸਾਨੂੰ ਆਧੁਨਿਕ ਤੇ ਅਗਾਂਹਵਧੂ ਜਾਪਦੀ ਹੈ। ਪਰ ਮਾਨਸਿਕ ਤੌਰ 'ਤੇ ਅਜੇ ਵੀ ਉਹ ਪਰੰਪਰਕ ਕੀਮਤ ਪ੍ਰਬੰਧ ਦੀ ਗੁਲਾਮ ਹੈ। ਆਧੁਨਿਕ ਔਰਤ ਦਾ ਇਹ ਮਾਨਸਿਕ ਦਵੰਦ ਅਜੋਕੀ ਔਰਤ ਦਾ ਕੇਂਦਰੀ ਯਥਾਰਥ ਹੈ।"* [6]

ਰਾਜਬੀਰ ਆਧੁਨਿਕ ਔਰਤ ਦੇ ਇਸ ਮਾਨਸਿਕ ਦਵੰਦ ਵਿਚ ਗ੍ਰਸਤ ਹੈ। ਉਹ ਡਾ. ਸੁਧੀਰ ਨਾਲ ਨੇੜਤਾ ਵਧਾਉਂਦੀ ਹੈ ਪਰੰਤੂ ਦੁਚਿਤੀ ਕਾਰਨ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਉਸ ਅੱਗੇ ਨਹੀਂ ਕਰ ਪਾਉਂਦੀ। ਰਾਜਬੀਰ ਦੀ ਸੰਕੋਚਤਾ ਕਾਰਨ ਡਾ. ਸੁਧੀਰ ਕਿਸੇ ਹੋਰ ਕੁੜੀ ਵੱਲ ਝੁਕ ਜਾਂਦਾ ਹੈ। ਰਾਜਬੀਰ ਦੀ ਮਾਨਸਿਕਤਾ ਨੂੰ ਸਮਝਣ ਵਾਲਾ ਅਤੇ ਉਸ ਨਾਲ ਭਾਵੁਕ ਸਾਂਝ ਰੱਖਣ ਵਾਲਾ ਸਤਵੰਤ ਵੀ ਰਾਜਬੀਰ ਦੀ ਜ਼ਿੰਦਗੀ ਵਿਚ ਆਉਂਦਾ ਹੈ। ਸਤਵੰਤ ਹਰ ਪੱਖੋਂ ਰਾਜਬੀਰ ਦੇ ਯੋਗ ਹੈ। ਪਰੰਤੂ ਰਾਜਬੀਰ ਉਸ ਪ੍ਰਤੀ ਰੁੱਚੀ ਰੱਖਣ ਦੇ ਬਾਵਜੂਦ ਕੋਈ ਫ਼ੈਸਲਾ ਨਹੀਂ ਲੈ ਪਾਉਂਦੀ। ਸਤਵੰਤ ਤੇ ਸਵਰਾਜ ਵਿਚੋਂ ਕਿਸੇ ਇਕ ਨੂੰ ਚੁਣਨ ਸਮੇਂ ਰਾਜਬੀਰ ਦਵੰਦਾਤਮਕ ਮਾਨਸਿਕਤਾ ਦੀ ਅਵਸਥਾ ਵਿਚ ਫਸੀ ਨਜ਼ਰ ਆਉਂਦੀ ਹੈ। ਰਾਜਬੀਰ ਆਪਣੇ ਤੋਂ ਇਕ ਪੀੜ੍ਹੀ ਪਹਿਲਾਂ ਵਾਲੀ ਔਰਤ ਭਾਵ ਗੁਲਾਬ ਕੌਰ ਵਾਂਗ ਪਰੰਪਰਕ ਕੀਮਤ ਪ੍ਰਬੰਧ ਦੇ ਪ੍ਰਭਾਵ ਕਾਰਨ ਆਪਣੀ ਜ਼ਿੰਦਗੀ ਵਿਚ ਦੂਜੇ ਮਰਦ ਨੂੰ ਅਪਣਾਉਣ ਤੋਂ ਅਸਮਰੱਥ ਪ੍ਰਤੀਤ ਹੁੰਦੀ ਹੈ। ਗੁਲਾਬ ਕੌਰ ਨੂੰ ਜਿਵੇਂ ਇਕੱਲਤਾ ਦਾ ਸੰਤਾਪ ਭੋਗਣਾ ਪੈਂਦਾ ਹੈ ਓਵੇਂ ਹੀ ਰਾਜਬੀਰ ਇਕੱਲੀ ਜੀਵਨ ਬਤੀਤ ਕਰਦੀ ਜਾਂਦੀ ਹੈ। ਗੁਲਾਬ ਕੌਰ ਤੇ ਰਾਜਬੀਰ ਦੀ ਸਥਿਤੀ ਇਕੋ ਜਿਹੀ ਹੋਣ ਦੇ ਬਾਵਜੂਦ ਦੋਵਾਂ ਦੀ ਮਾਨਸਿਕ ਦਸ਼ਾ ਤੇ ਸਥਿਤੀ ਦਾ ਸਾਹਮਣਾ ਕਰਨ ਦੀ ਅਵਸਥਾ ਵਿਚ ਅੰਤਰ ਹੈ। ਗੁਲਾਬ ਕੌਰ ਭਾਵੇਂ ਆਪਣੇ ਜੀਵਨ ਦਾ ਕੁਝ ਹਿੱਸਾ ਹੀ ਆਪਣੇ ਪਤੀ ਨਾਲ ਗੁਜ਼ਾਰਦੀ ਹੈ। ਪਰੰਤੂ ਇਹ ਸਮਾਂ ਉਸਦੇ ਮਰਦ ਮੇਲ ਦੀ ਪੂਰਨਤਾ ਤੇ ਪਰਿੱਪਕਤਾ ਵਾਲਾ ਹੈ। ਇਸ ਦੇ ਸਹਾਰੇ ਹੀ ਉਹ ਜ਼ਿੰਦਗੀ ਦੀ ਤਪਦੀ ਵਾਟ ਕੱਟ ਲੈਂਦੀ ਹੈ। ਜਦਕਿ ਰਾਜਬੀਰ ਨੂੰ ਆਪਣੇ ਪਤੀ ਤੋਂ ਪੂਰਨ ਤ੍ਰਿਪਤੀ ਹਾਸਿਲ ਨਹੀਂ ਹੁੰਦੀ। ਵਿਆਹ ਦੀ ਪਹਿਲੀ ਰਾਤ ਹੀ ਦੋਵਾਂ ਦਾ ਰਿਸ਼ਤਾ ਤਿੜਕ ਜਾਂਦਾ ਹੈ। ਰਾਜਬੀਰ ਤੇ ਗੁਲਾਬ ਕੌਰ ਦੀ ਜ਼ਿੰਦਗੀ ਦੀ ਤੁਲਨਾ ਕਰਦਿਆਂ ਨਾਵਲੀ ਬਿਰਤਾਂਤ ਵਿਚ ਲੇਖਿਕਾ ਰਾਜਬੀਰ ਦੀ ਮਾਨਸਿਕਤਾ ਦਾ ਪ੍ਰਗਟਾਵਾ ਇਸ ਪ੍ਰਕਾਰ ਕਰਦੀ ਹੈ :

*"ਉਸਨੂੰ ਲਗਾ ਜਿਵੇਂ ਉਸਦੀ ਪਹਿਲੀ ਰਾਤ ਹੀ ਸ਼ਰਾਬ ਦੀ ਖਾਲੀ ਬੋਤਲ ਵਰਗੀ ਹੋਵੇ ਤੇ ਭੂਆ ਦੀ ਜ਼ਿੰਦਗੀ ਸ਼ਰਾਬ ਦੀ ਭਰੀ ਬੋਤਲ ਵਰਗੀ। ਜਿਸ ਬਾਰੇ ਅੱਜ ਵੀ ਸੁਣਦਿਆਂ ਉਸਨੂੰ ਸਰੂਰ ਜਿਹਾ ਆ ਗਿਆ ਸੀ।"*[7]

ਰਾਜਬੀਰ ਆਧੁਨਿਕ ਸਮਾਜ ਵਿਚ ਰਹਿੰਦਿਆਂ, ਆਰਥਿਕ ਸਵੈ-ਨਿਰਭਰ ਹੁੰਦਿਆਂ ਵੀ ਪਰੰਪਰਕ ਕੀਮਤਾਂ ਦੀ ਜਕੜ ਕਾਰਨ ਆਪਣਾ ਜੀਵਨ ਸਾਥੀ ਚੁਣਨ ਸਮੇਂ ਦਵੰਦਾਤਮਕ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਚਰਨਜੀਤ ਸਿੰਘ ਅਨੁਸਾਰ,

*"ਸੰਸਕਾਰਾਂ ਦੀ ਆੜ ਥੱਲੇ ਉਹ ਇਕ ਪਾਸੇ ਆਪਣੇ ਆਪ ਨੂੰ ਆਪਣੇ ਖੁਦਗਰਜ਼, ਵਿਭਚਾਰੀ ਪਤੀ ਸਵਰਾਜ ਨਾਲ ਬੱਝੀ ਹੋਈ ਮਹਿਸੂਸ ਕਰਦੀ ਹੈ ਅਤੇ ਦੂਜੇ ਪਾਸੇ ਨਵੇਂ ਵਿਚਾਰਾਂ ਦੇ ਧਾਰਨੀ ਮਰਦ ਸਤਵੰਤ ਪ੍ਰਤੀ ਵਧ ਰਹੀ ਆਪਣੀ ਰੁਚੀ ਨੂੰ ਤਿਆਗ ਨਹੀਂ ਸਕਦੀ।"*[8]

ਰਾਜਬੀਰ ਦੂਜੀ ਪੀੜ੍ਹੀ ਦੀ ਔਰਤ ਹੋਣ ਕਾਰਨ ਗੁਲਾਬ ਕੌਰ ਵਾਂਗ ਇਕੱਲਤਾ ਹੰਢਾਉਣ ਲਈ ਮਜਬੂਰ ਨਹੀਂ ਹੈ। ਉਸਨੂੰ ਆਰਥਿਕ ਸਵੈ-ਨਿਰਭਰਤਾ ਅਤੇ ਮਨਪਸੰਦ ਜੀਵਨ ਸਾਥੀ ਚੁਣਨ ਦੀ ਖੁਲ੍ਹ ਪ੍ਰਾਪਤ ਹੈ। ਪਰੰਤੂ ਰਾਜਬੀਰ ਪਰੰਪਰਕ ਪਤੀਬਰਤਾ ਔਰਤ ਵਾਂਗ ਸਵਰਾਜ ਨਾਲੋਂ ਆਪਣਾ ਰਿਸ਼ਤਾ ਤੇ ਸਾਂਝ ਨਹੀਂ ਤੋੜਦੀ। ਆਪਣੀ ਹੋਂਦ ਪ੍ਰਤੀ ਚੇਤੰਨ ਹੋਣ ਕਾਰਨ ਉਹ ਆਪਣੀ ਸੋਚ ਦੇ ਹਾਣ ਦੇ ਮਰਦ ਸਤਵੰਤ ਪ੍ਰਤੀ ਵੀ ਮੋਹ ਰੱਖਦੀ ਹੈ। ਇਸ ਪ੍ਰਕਾਰ ਰਾਜਬੀਰ ਨਾ ਤਾਂ ਨਿਰੋਲ ਪਰੰਪਰਕ ਔਰਤ ਵਾਂਗ ਹੀ ਅਤੇ ਨਾ ਹੀ ਆਧੁਨਿਕ ਅਜ਼ਾਦ ਔਰਤ ਵਾਂਗ ਜੀਵਨ ਜਿਊਂਦੀ ਹੈ। ਉਹ ਪਰੰਪਰਾ ਤੇ ਆਧੁਨਿਕਤਾ ਦੇ ਦਵੰਦ ਵਿਚ ਫਸੀ ਹੋਈ ਮਾਨਸਿਕ ਸੰਤਾਪ ਭੋਗਦੀ ਹੈ। ਰਾਜਬੀਰ ਲਈ ਸਥਿਤੀਆਂ ਭੂਆ ਗੁਲਾਬ ਕੌਰ ਜਿੰਨੀਆਂ ਕਠੋਰ ਨਹੀਂ ਹਨ। ਉਹ ਆਰਥਿਕ ਤੌਰ 'ਤੇ ਸਵੈ-ਨਿਰਭਰ ਅਤੇ ਆਪਣੀ ਹੋਂਦ ਪ੍ਰਤੀ ਸੁਚੇਤ ਹੈ। ਉਸਦਾ ਸੰਕਟ ਉਸਦੀ ਦੁਚਿਤੀ ਦੀ ਉਪਜ ਹੈ।

ਰਾਜਬੀਰ ਵਾਂਗ ਉਸਦੀ ਸਹੇਲੀ ਰੰਮੀ ਵੀ ਪਰੰਪਰਾ ਤੇ ਆਧੁਨਿਕਤਾ ਦੇ ਦਵੰਦ ਦੀ ਸ਼ਿਕਾਰ ਹੈ। ਉਹ ਆਧੁਨਿਕ ਔਰਤ ਵਾਂਗ ਖੁਲ੍ਹ ਮਾਣਦੀ ਹੈ, ਮਹਿਫ਼ਲਾਂ ਵਿਚ ਆਪਣੀਆਂ ਕਵਿਤਾਵਾਂ ਪੜ੍ਹਦੀ ਹੈ ਅਤੇ ਅੰਤਰਜਾਤੀ ਪ੍ਰੇਮ ਵਿਆਹ ਕਰਵਾਉਂਦੀ ਹੈ। ਉਹ ਆਧੁਨਿਕ ਔਰਤ ਵਾਂਗ ਸੁੰਤਤਰ ਰਹਿ ਕੇ ਸਮਾਜ ਵਿਚ ਵਿਚਰਨਾ ਚਾਹੁੰਦੀ ਹੈ। ਪਰੰਤੂ ਚੰਨੀ ਨਾਲੋਂ ਪਹਿਲਾਂ ਵਿਆਹ ਟੁੱਟਣ ਉਪਰੰਤ ਜਦੋਂ ਰਾਜਿੰਦਰ ਨਾਲ ਦੂਜਾ ਵਿਆਹ ਕਰਵਾਉਣ ਦਾ ਫ਼ੈਸਲਾ ਕਰਦੀ ਹੈ ਤਾਂ ਰਾਜਿੰਦਰ ਦੀ ਛੋਟੀ ਜਾਤ ਕਾਰਨ ਦੁਚਿਤੀ ਦੀ ਅਵਸਥਾ ਵਿਚ ਫਸ ਜਾਂਦੀ ਹੈ। ਉਹ ਸਮਾਜਿਕ ਪ੍ਰਬੰਧ ਤੋਂ ਵੱਖਰਾ ਹੋਣ ਦੇ ਭੈਅ ਕਾਰਨ ਅਤੇ ਅਚੇਤ ਮਨ ਵਿਚ ਪਰੰਪਰਕ ਜਾਤ-ਜਮਾਤ ਪ੍ਰਬੰਧ ਦੀਆਂ ਕੀਮਤਾਂ ਦੇ ਪ੍ਰਭਾਵ ਕਾਰਨ ਰਾਜਿੰਦਰ ਨਾਲ ਵਿਆਹ ਕਰਵਾਉਣ ਸਮੇਂ ਉਦਾਸ ਤੇ ਬੇਚੈਨ ਨਜ਼ਰ ਆਉਂਦੀ ਹੈ। ਨਾਵਲੀ ਬਿਰਤਾਂਤ ਵਿਚੋਂ ਉਸਦੀ ਮਾਨਸਿਕ ਅਵਸਥਾ ਦਾ ਪ੍ਰਗਟਾਵਾ ਇਸ ਪ੍ਰਕਾਰ ਮਿਲਦਾ ਹੈ :

*"ਸਾਰੀ ਤਿਆਰੀ ਦਰਮਿਆਨ ਰਮਨ ਨਰਵਸ ਰਹੀ? ਉਸਦੇ ਹੱਥ ਪੈਰ ਜਿਵੇਂ ਝੂਠੇ ਹੋ ਗਏ ਸਨ। ਸ਼ਾਇਦ ਉਸਦੇ ਮਨ 'ਚ ਵਿਆਹ ਸਫ਼ਲ ਨਾ ਹੋਣ ਦਾ ਤੌਖਲਾ ਸੀ ਜਾਂ ਸਮਾਜ ਅਤੇ ਘਰਦਿਆਂ ਦੀ ਵਿਰੋਧਤਾ ਦਾ ਭੈਅ। ਜਾਂ ਰਿਸ਼ਤੇਦਾਰਾਂ ਦੀ ਅਣਹੋਂਦ ਸੀ।"*[9]

ਰੰਮੀ ਬਾਹਰੋਂ ਆਧੁਨਿਕ ਜਾਪਦੀ ਹੈ ਪਰੰਤੂ ਉਸ ਉਤੇ ਪਰੰਪਰਕ ਕੀਮਤ ਪ੍ਰਬੰਧ ਦਾ ਗਹਿਰਾ ਪ੍ਰਭਾਵ ਹੈ। ਰੰਮੀ ਆਧੁਨਿਕ ਔਰਤ ਵਾਂਗ ਜੀਵਨ ਜਿਊਣਾ ਚਾਹੁੰਦੀ ਹੈ ਪਰੰਤੂ ਰਾਜਿੰਦਰ ਦੀ ਦੀ ਨੀਵੀਂ ਜਾਤ ਬਾਰੇ ਪਰੰਪਰਕ ਜਗੀਰੂ ਸੰਸਕਾਰਾਂ ਵਾਲੀ ਸੋਚ ਰੱਖਦੀ ਹੈ। ਰੰਮੀ ਖ਼ੁਦ ਕਾਵਿ ਗੋਸ਼ਟੀਆਂ ਵਿਚ ਕਵਿਤਾਵਾਂ ਪੜ੍ਹਨਾ ਚਾਹੁੰਦੀ ਹੈ ਅਤੇ ਪੂਰੀ ਅਜ਼ਾਦੀ ਚਾਹੁੰਦੀ ਹੈ ਜਦਕਿ ਰਾਜਿੰਦਰ ਦੇ ਵਿਵਹਾਰ ਨੂੰ ਉਸਦੀ ਛੋਟੀ ਜਾਤ ਨਾਲ ਜੋੜਦੀ ਹੋਈ ਦੁਖੀ ਹੁੰਦੀ ਹੈ। ਰਾਜਿੰਦਰ ਤੇ ਰੰਮੀ ਦੇ ਵਿਆਹੁਤਾ ਜੀਵਨ ਵਿਚ ਕੁਝ ਦੇਰ ਬਾਅਦ ਹੀ ਦੂਰੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਰੰਮੀ ਆਪਣੀ ਸਹੇਲੀ ਰਾਜਬੀਰ ਨਾਲ ਇਸ ਬਾਰੇ ਗੱਲਾਂ ਕਰਦਿਆਂ ਦੱਸਦੀ ਹੈ :

*"ਕਈ ਗੱਲਾਂ ਜਿਹੜੀਆਂ ਇਹਨੇ ਆਪਣੀ ਬਰਾਦਰੀ ਜਾਂ ਵਿਰਸੇ ਤੋਂ ਲਈਆਂ ਹਨ ਉਹ ਬੜੀਆਂ ਤੰਗ ਕਰਦੀਆਂ ਹਨ। ਨਾਲੇ ਇਸ ਨੂੰ ਕਵਿਤਾ ਨਾਲ ਬੜੀ ਚਿੜ ਏ। ਇਕ ਦਿਨ ਇਸਨੇ ਮੇਰੀਆਂ ਸਾਰੀਆਂ ਨਵੀਆਂ ਕਵਿਤਾਵਾਂ ਚੁਕ ਕੇ ਪਾੜ ਸੁਟੀਆਂ।"*[10]

ਰੰਮੀ ਪਰੰਪਰਕ ਭਾਰਤੀ ਨਾਰੀ ਵਾਂਗ ਘਰ ਪਰਿਵਾਰ ਵੀ ਚਾਹੁੰਦੀ ਹੈ ਅਤੇ ਆਧੁਨਿਕ ਔਰਤ ਵਾਂਗ ਖੁਲ੍ਹ ਵੀ ਮਾਣਨਾ ਚਾਹੁੰਦੀ ਹੈ। ਪਰੰਪਰਾ ਤੇ ਆਧੁਨਿਕਤਾ ਦੇ ਦਵੰਦ ਵਿਚ ਉਹ ਮਾਨਸਿਕ ਦੁਵਿਧਾ ਦੀ ਸ਼ਿਕਾਰ ਹੋਈ ਸੰਤਾਪ ਭੋਗਦੀ ਹੈ। ਚਰਨਜੀਤ ਸਿੰਘ ਅਨੁਸਾਰ-

*ਬਲਜੀਤ ਕੌਰ ਬਲੀ ਦੀਆਂ ਇਸਤਰੀਆਂ ਭਾਰਤੀ ਸਮਾਜ ਵਿਚਲੇ ਪੁਰਾਣੇ ਇਸਤਰੀ ਇਮੇਜ ਨੂੰ ਤੋੜਦੀਆਂ ਅਤੇ ਆਜ਼ਾਦ ਤੌਰ 'ਤੇ ਜਿਊਣ ਲਈ ਸੰਘਰਸ਼ ਕਰਦੀਆਂ ਹਨ। ਇਹ ਸੰਘਰਸ਼ ਯਥਾਰਥਕ ਹੈ ਪਰੰਤੂ ਉਹ ਆਪਣੇ ਮੁਢਲੇ ਜਗੀਰੂ ਸੰਸਕਾਰਾਂ ਤੋਂ ਪੂਰਨ ਤੌਰ 'ਤੇ ਮੁਕਤ ਨਹੀਂ ਹੋ ਸਕੀਆਂ। ਰਮਨ ਇਨ੍ਹਾਂ ਸੰਸਕਾਰਾਂ ਨੂੰ ਤੋੜਦੀ ਹੈ ਪਰੰਤੂ ਉਸ ਦੇ ਵੀ ਆਪਣੇ ਆਪ ਅੰਦਰ ਇਕ ਦਵੰਦ ਹੁੰਦਾ ਹੈ।*[11]

ਰਮਨ ਗ੍ਰਹਿਸਥ ਧਰਮ ਵਿਚ ਸੰਤੁਲਨ ਬਣਾਉਣ ਵਿਚ ਅਸਮਰਥ ਰਹਿੰਦੀ ਹੈ ਕਿਉਂਕਿ ਪਰੰਪਰਕ ਜਾਤ-ਜਮਾਤ ਪ੍ਰਬੰਧ ਕਾਰਨ ਉਹ ਦੁਚਿਤੀ ਦੀ ਅਵਸਥਾ ਵਿਚ ਗ੍ਰਸਤ ਹੈ। ਰਾਜਬੀਰ ਤੇ ਰਮਨ ਦੋਵੇਂ ਪਰੰਪਰਕ ਤੇ ਆਧੁਨਿਕ ਕੀਮਤਾਂ ਦੇ ਦਵੰਦ ਨੂੰ ਹੰਢਾਉਂਦੀਆਂ ਹਨ।

ਨਾਵਲ ਵਿਚ ਰਾਜਵੀਰ ਦੀਆਂ ਸਾਥਣ ਅਧਿਆਪਕਾਵਾਂ ਜਿਵੇਂ ਕਿ ਸੁਰਜੀਤ, ਭੁਪਿੰਦਰ, ਨਿਰਮਲਜੀਤ, ਕੰਵਲਜੀਤ ਅਤੇ ਹਰਵਿੰਦਰ ਆਦਿ ਔਰਤਾਂ ਸੌੜੀ ਪਰੰਪਰਕ ਸੋਚ ਦੀਆਂ ਧਾਰਨੀ ਹਨ। ਇਨ੍ਹਾਂ ਉਤੇ ਪਰੰਪਰਾ ਦੀ ਪਕੜ ਬਹੁਤ ਪੀਡੀ ਹੈ। ਇਹ ਔਰਤਾਂ *"ਆਰਥਿਕ ਤੌਰ 'ਤੇ ਭਾਵੇਂ ਆਜ਼ਾਦ, ਪੜ੍ਹੀਆਂ ਲਿਖੀਆਂ ਤੇ ਨੌਕਰੀ ਕਰਦੀਆਂ ਹਨ ਪਰ ਇਹ ਮਰਦ ਪ੍ਰਧਾਨ ਸਮਾਜ ਵਿਚ ਆਪਣੀ ਹੋਂਦ ਨੂੰ ਵੱਖਰੇ ਰੂਪ ਵਿਚ ਮਹਿਸੂਸ ਨਹੀਂ ਕਰਦੀਆਂ। ਇਨ੍ਹਾਂ ਔਰਤਾਂ ਦਾ ਵਿਵਹਾਰ ਅਨਪੜ੍ਹ, ਪੇਂਡੂ ਪਰੰਪਰਾਵਾਦੀ ਇਸਤਰੀਆਂ ਵਰਗਾ ਹੀ ਹੈ।"*[12] ਇਹ ਔਰਤਾਂ ਗੁਲਾਮ ਮਾਨਸਿਕਤਾ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ। ਰਾਜਬੀਰ ਜਾਂ ਉਸ ਦੀਆਂ ਸਹੇਲੀਆਂ ਦੀ ਨਿੱਜੀ ਜ਼ਿੰਦਗੀ ਉਤੇ ਟਿੱਪਣੀਆਂ ਕਰਨੀਆਂ, ਔਰਤ ਮਰਦ ਦੇ ਰਿਸ਼ਤੇ ਦੇ ਟੁੱਟਣ ਲਈ ਔਰਤ ਨੂੰ ਕਸੂਰਵਾਰ ਠਹਿਰਾਉਣਾ ਆਦਿ ਸਥਿਤੀਆਂ ਤੋਂ ਇਨ੍ਹਾਂ ਦੀ ਗ਼ੁਲਾਮ ਮਾਨਸਿਕਤਾ ਦੀ ਪੁਸ਼ਟੀ ਹੁੰਦੀ ਹੈ।

ਜਗੀਰਦਾਰੀ ਵਿਵਸਥਾ ਦੇ ਪਤਨ ਪਿਛੋਂ ਉਸਰ ਰਹੇ ਪੂੰਜੀਵਾਦੀ ਸਮਾਜ ਵਿਚੋਂ

ਨੈਤਿਕ ਕੀਮਤਾਂ ਖ਼ਾਰਜ ਹੋਈਆਂ ਹਨ। ਮਨੁੱਖ ਸੁਤੰਤਰ ਜੀਵਨ ਜਿਉਂਣ ਦੀ ਇੱਛਾ ਕਰਨ ਲੱਗਾ ਹੈ। ਆਧੁਨਿਕ ਮਨੁੱਖ ਪਰੰਪਰਾਗਤ ਰਿਸ਼ਤਿਆਂ ਨੂੰ ਤਿਆਗ ਕੇ ਆਪਣੇ ਸਵਾਰਥ ਤੇ ਕਾਮਨਾਵਾਂ ਦੀ ਪੂਰਤੀ ਲਈ ਅਨੈਤਿਕ ਢੰਗ ਨਾਲ ਆਪਣੀਆਂ ਇਛਾਵਾਂ ਦੀ ਤ੍ਰਿਪਤੀ ਕਰਨ ਵੱਲ ਰੁਚਿਤ ਹੋਇਆ ਹੈ। ਇਹ ਨਾਵਲ *"ਤੇਜ਼ੀ ਨਾਲ ਉਸਰ ਰਹੇ ਬੁਰਜਵਾ ਸਮਾਜ ਦਾ ਵਰਨਣ ਕਰਦਾ ਹੈ, ਜਿਸ ਵਿਚ ਜਗੀਰੂ ਕਦਰਾਂ ਹੀ ਨਹੀਂ ਲਿਤਾੜੀਆਂ ਜਾ ਰਹੀਆਂ ਬਲਕਿ ਚਿਰ-ਸਥਾਪਤ ਕਦਰਾਂ-ਕੀਮਤਾਂ ਵੀ ਲਿਤਾੜੀਆਂ ਜਾ ਰਹੀਆਂ ਹਨ।"*[13] ਇਸ ਨਾਵਲ ਦੀ ਪਾਤਰ ਕਲਪਨਾ ਆਧੁਨਿਕ ਸਮਾਜ ਦੀ ਨਕਾਰਾਤਮਿਕ ਤਸਵੀਰ ਨੂੰ ਪ੍ਰਸਤੁਤ ਕਰਦੀ ਹੈ। ਕਲਪਨਾ ਛੋਟੀ ਉਮਰ ਵਿਚ ਹੀ ਆਪਣੇ ਮਾਮੇ ਸਵਰਾਜ ਦੀ ਹਵਸ ਦੀ ਸ਼ਿਕਾਰ ਹੋ ਜਾਂਦੀ ਹੈ। ਇਸ ਉਪਰੰਤ ਉਹ ਗ਼ੈਰ-ਮਰਦਾਂ ਨਾਲ ਜਿਨਸੀ ਸੰਬੰਧ ਬਣਾਉਣ ਨੂੰ ਸਹਿਜ ਰੂਪ ਵਿਚ ਗ੍ਰਹਿਣ ਕਰਦੀ ਹੋਈ ਅਨੈਤਿਕਤਾ ਦੇ ਰਾਹ ਪੈ ਜਾਂਦੀ ਹੈ। ਕਲਪਨਾ ਅਤਿ ਆਧੁਨਿਕ ਔਰਤ ਦੀ ਭਟਕਣ ਨੂੰ ਪ੍ਰਗਟ ਕਰਦੀ ਹੈ।

*"ਕਲਪਨਾ ਇਕ ਬੁਰਜੂਆ ਕੁੜੀ ਹੈ ਜੋ ਦਿਸ਼ਾਹੀਣਤਾ ਕਾਰਨ ਆਪਣੇ ਆਪ ਨੂੰ ਸਾਂਸਕ੍ਰਿਤਕ ਮੁੱਲਾਂ ਤੋਂ ਆਜ਼ਾਦ ਕਰਕੇ ਅਰਾਜਕਤਾ ਵਿਚ ਜਾ ਪਹੁੰਚਦੀ ਹੈ। ... ਕਲਪਨਾ ਸਰਾਸਰ ਪੱਛਮੀ ਸਭਿਅਤਾ ਦੇ ਨਾਕਾਰਆਤਮਕ ਪੱਖ ਤੋਂ ਪ੍ਰਭਾਵਤ ਇਸਤਰੀ ਜਾਪਦੀ ਹੈ। ਜੋ ਜੀਵਨ ਨੂੰ ਖੇਡ ਸਮਝਦੀ ਹੋਈ ਮਰਦ ਨਾਲ ਵੀ ਇਕ ਖੇਡ ਹੀ ਖੇਡਦੀ ਹੈ।"*[14]

ਛੋਟੀ ਉਮਰ ਵਿਚ ਸਵਰਾਜ ਦੁਆਰਾ ਕਲਪਨਾ ਨਾਲ ਜਿਨਸੀ ਸੰਬੰਧ ਬਣਾ ਲਏ ਜਾਣ ਉਪਰੰਤ ਕਲਪਨਾ ਅੰਦਰ ਮਰਦ ਨੂੰ ਮਾਣਨ ਦੀ ਤੀਬਰ ਇੱਛਾ ਪੈਦਾ ਹੋ ਜਾਂਦੀ ਹੈ। ਉਸਨੂੰ ਜਿੱਥੇ ਵੀ ਜਿਹੜਾ ਵੀ ਮਰਦ ਚੰਗਾ ਲੱਗੇ ਉਸ ਨਾਲ ਜਿਨਸੀ ਸੰਬੰਧ ਬਣਾ ਲੈਂਦੀ ਹੈ। ਰਾਜਬੀਰ ਦੇ ਗਵਾਂਢੀ ਮੁੰਡੇ ਨਾਲ ਪਹਿਲੀ ਮੁਲਾਕਾਤ ਵਿਚ ਹੀ ਉਹ ਸੰਬੰਧ ਬਣਾ ਲੈਂਦੀ ਹੈ। ਕਲਪਨਾ ਰਾਜਬੀਰ ਨੂੰ ਨਿਰਸੰਕੋਚ ਆਪਣੇ ਗੈਰ ਮਰਦਾਂ ਨਾਲ ਸੰਬੰਧ ਬਾਰੇ ਦੱਸਦੀ ਹੈ :

*"ਇਕ ਸਨੇਹ ਤੋਂ ਬਿਨ੍ਹਾਂ ਮੇਰੇ ਹੋਰ ਵੀ ਕਈਆਂ ਨਾਲ ਸੈਕਸ ਸੰਬੰਧ ਰਹੇ ਹਨ। ਇਥੋਂ ਤੱਕ ਕਿ ਇਕ ਮਾਸਟਰ ਸੋਢੀ ਸਾਡੇ ਘਰ ਆਉਂਦਾ ਹੁੰਦਾ ਸੀ--- ਉਸ ਆਦਮੀ ਨੇ ਵੀ ਮੈਨੂੰ ਖਰਾਬ ਕੀਤਾ। ਹੁਣ ਤਾਂ ਜਿਵੇਂ ਮੇਰੀ ਇਹ ਇਕ ਲੋੜ ਬਣ ਗਈ ਹੈ। ਜਦੋਂ ਵੀ ਮੈਨੂੰ ਕੋਈ ਚੰਗਾ ਲਗਦਾ ਏ ਜਾਂ ਈਜ਼ੀਲੀ ਮਿਲ ਸਕਦਾ ਹੋਵੇ ਮੈਂ ਉਸ ਨਾਲ ਸੈਕਸ ਕਰ ਲੈਂਦੀ ਹਾਂ।"*[15]

ਨਾਵਲੀ ਬਿਰਤਾਂਤ ਵਿਚ ਕਲਪਨਾ ਦੇ ਕੁਰਾਹੇ ਪੈਣ ਤੇ ਨੈਤਿਕ ਹੱਦਾਂ ਪਾਰ ਕਰਨ ਪਿਛੇ ਉਸਦੇ ਮਾਮੇ ਸਵਰਾਜ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਕਿਉਂਕਿ ਉਸਦਾ ਮਾਮਾ ਉਸਦਾ ਜਿਨਸੀ ਸ਼ੋਸ਼ਣ ਕਰਦਾ ਹੈ ਜਿਸ ਕਰਕੇ ਕਲਪਨਾ ਗੈਰ ਸਦਾਚਾਰਕ ਰਾਹ ਤੇ ਤੁਰ ਪੈਂਦੀ ਹੈ। ਕਲਪਨਾ ਦਾ ਮਾਮਾ ਸਵਰਾਜ ਸਿਰਫ਼ ਉਸ ਨਾਲ ਹੀ ਜਿਨਸੀ ਸੰਬੰਧ ਨਹੀਂ ਬਣਾਉਂਦਾ ਸਗੋਂ ਕਲਪਨਾ ਦੀਆਂ ਭੈਣਾਂ ਨਾਲ ਵੀ ਜਿਨਸੀ ਸਾਂਝ ਸਥਾਪਿਤ ਕਰਦਾ ਹੈ। ਨਾਵਲੀ ਬਿਰਤਾਂਤ ਵਿਚੋਂ ਕਲਪਨਾ ਦੀ ਮਾਂ ਦੇ ਸਵਰਾਜ ਨਾਲ ਅਨੈਤਿਕ ਸੰਬੰਧਾਂ ਬਾਰੇ ਵੀ ਸੰਕੇਤ ਪ੍ਰਾਪਤ ਹੁੰਦਾ ਹੈ। ਇਸ ਪ੍ਰਕਾਰ ਸਵਰਾਜ ਘਰ ਦੀਆਂ ਸਾਰੀਆਂ ਔਰਤਾਂ ਨੂੰ ਭੋਗਦਾ ਹੈ। ਸਵਰਾਜ ਘਰ ਵਿਚ ਸ਼ਾਸ਼ਕ ਦੀ ਤਰ੍ਹਾਂ ਰਾਜ ਕਰਦਾ ਹੈ। ਉਹ ਸੱਤਾ ਤੇ ਉਪਭੋਗਤਾ ਦਾ ਪ੍ਰਤੀਕ ਹੈ। ਕਲਪਨਾ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਨਾਲ ਜਿਉਂਣ ਲਈ ਘਰ ਵਾਲਿਆਂ ਅਤੇ ਸਵਰਾਜ ਵਿਰੁੱਧ ਵਿਦਰੋਹ ਕਰਦੀ ਹੈ। ਕਲਪਨਾ ਆਪਣੇ ਮਨਪਸੰਦ ਜੀਵਨਸਾਥੀ ਦੀ ਚੋਣ ਲਈ ਸੰਘਰਸ਼ ਤਾਂ ਕਰਦੀ ਹੈ ਪਰੰਤੂ ਕਲਪਨਾ ਮਾਨਸਿਕ ਭਟਕਣ ਦੀ ਸ਼ਿਕਾਰ ਹੈ। ਕਲਪਨਾ ਨੂੰ ਅਨੈਤਿਕਤਾ ਦੇ ਰਾਹ ਉੱਤੇ ਤੁਰਨ ਲਈ ਕਿਸੇ ਵਲੋਂ ਮਜਬੂਰ ਨਹੀਂ ਕੀਤਾ ਜਾਂਦਾ ਸਗੋਂ ਸਵਰਾਜ ਦੀ ਵਧੀਕੀ ਉਪਰੰਤ ਉਹ ਇਕ ਪ੍ਰਕਾਰ ਦੀ ਪ੍ਰਤੀਕਿਰਿਆ ਵਜੋਂ ਅਜਿਹਾ ਕਰਦੀ ਹੈ। ਕਲਪਨਾ ਦੇ ਚਰਿੱਤਰ ਵਿਚਲੇ ਦੋਸ਼ ਸਦਕਾ ਉਹ ਅਨੈਤਿਕਤਾ ਦੇ ਉੱਤੇ ਤੁਰਦੀ ਹੈ ਅਤੇ ਚੰਗਾ ਤੇ ਸਾਂਵਾਂ ਜੀਵਨ ਪ੍ਰਾਪਤ ਨਹੀਂ ਕਰ ਸਕਦੀ। ਕਲਪਨਾ ਦੇ ਸੰਕਟ ਪਿਛੇ ਕੋਈ ਸਮਾਜਿਕ, ਆਰਥਿਕ ਸਥਿਤੀ ਜਾਂ ਕਾਰਨ ਕਾਰਜਸ਼ੀਲ ਨਹੀਂ ਹੈ। ਕਲਪਨਾ ਦਾ ਸੰਕਟ ਉਸਦੀ ਡਾਵਾਂਡੋਲ ਮਾਨਸਿਕਤਾ, ਭਟਕਣ, ਕਾਮ ਭੁੱਖ ਕਾਰਨ ਉਪਜਦਾ ਹੈ।

'ਧੁੱਪ ਦੀ ਵਾਟ' ਪੰਜਾਬੀ ਸਮਾਜ-ਸਭਿਆਚਾਰ ਵਿਚ ਵਾਪਰੇ ਪਰਿਵਰਤਨ ਨੂੰ ਇਤਿਹਾਸਕ ਪਰਿਪੇਖ ਵਿਚ ਮੂਰਤੀਮਾਨ ਕਰਦਾ ਹੈ। ਭੂਆ ਗੁਲਾਬ ਕੌਰ ਜਿਹੀ ਪਰੰਪਰਕ ਔਰਤ ਦੀ ਪਰੰਪਰਕ ਸਮਾਜ-ਸਭਿਆਚਾਰ ਦੇ ਔਰਤ ਵਿਰੋਧੀ ਕੀਮਤ ਪ੍ਰਬੰਧ ਕਾਰਨ ਤ੍ਰਾਸਦੀ ਰੂਪਮਾਨ ਹੁੰਦੀ ਹੈ। ਰਾਜਬੀਰ ਤੇ ਰੰਮੀ ਆਧੁਨਿਕ ਤੇ ਪਰੰਪਰਕ ਕੀਮਤ ਪ੍ਰਬੰਧ ਦੇ ਦਵੰਦ ਵਿਚ ਗ੍ਰਸਤ ਅਤੇ ਆਪਣੀ ਹੋਂਦ ਪ੍ਰਤੀ ਚੇਤੰਨ ਹੋਣ ਕਾਰਨ ਮਾਨਸਿਕ ਸੰਤਾਪ ਭੋਗਦੀਆਂ ਹਨ। ਕਲਪਨਾ ਤੀਜੀ ਪੀੜ੍ਹੀ ਦੀ ਅਤਿ ਆਧੁਨਿਕ ਔਰਤ ਦੇ ਨਕਾਰਾਤਮਿਕ ਰੂਪ ਨੂੰ ਪ੍ਰਸਤੁਤ ਕਰਦੀ ਹੈ। ਕਲਪਨਾ ਸਕਾਰਾਤਮਿਕ ਨੈਤਿਕ ਕੀਮਤ ਪ੍ਰਬੰਧ ਨੂੰ ਉਲੰਘ ਕੇ ਭਟਕਣ ਤੇ ਅਤ੍ਰਿਪਤੀ ਦੀ ਸ਼ਿਕਾਰ ਹੋਣ ਕਾਰਨ ਸੰਤਾਪ ਭੋਗਦੀ ਹੈ। ਇਸ ਪ੍ਰਕਾਰ 'ਧੁੱਪ ਦੀ ਵਾਟ' ਪਰੰਪਰਕ ਸਮਾਜ ਤੋਂ ਆਧੁਨਿਕ ਸਮਾਜ ਤੱਕ ਔਰਤ ਦੀ ਸਥਿਤੀ ਵਿਚ ਆਏ ਪਰਿਵਰਤਨ ਨੂੰ ਪ੍ਰਸਤੁਤ ਕਰਦਾ ਹੈ। ਪਹਿਲੀ ਪੀੜ੍ਹੀ ਦੀ ਔਰਤ ਦੇ ਦੇਵੀ ਵਾਲੇ ਰੂਪ ਤੋਂ ਅਤਿ ਆਧੁਨਿਕ ਔਰਤ ਦੇ ਖੁਲ੍ਹੇ ਜਿਨਸੀ ਸੰਬੰਧਾਂ ਨੂੰ ਭੋਗਣ ਵਾਲੇ ਰੂਪ ਤੱਕ ਦੇ ਜੀਵਨ ਬਿਰਤਾਂਤ ਨੂੰ ਨਾਵਲ ਵਿਚ ਯਥਾਰਥਕ ਰੂਪ ਵਿਚ ਚਿਤਰਿਆ ਗਿਆ ਹੈ। ਪਰੰਪਰਕ ਔਰਤ ਦੀ ਤ੍ਰਾਸਦੀ ਟਲਣਯੋਗ ਨਹੀਂ ਹੈ। ਉਸਦਾ ਸੰਕਟ ਗੰਭੀਰ ਹੈ। ਆਰਥਿਕ ਤੇ ਸਮਾਜਿਕ ਪੱਖੋਂ ਉਸਨੂੰ ਕੋਈ ਸਹਾਰਾ ਪ੍ਰਾਪਤ ਨਹੀਂ। ਉਸ ਲਈ ਸੰਕਟ ਵਿਚੋਂ ਬਾਹਰ ਨਿਕਲਣਾ ਅਸੰਭਵ ਹੈ। ਪਰੰਤੂ ਆਧੁਨਿਕ ਔਰਤ ਨੂੰ ਆਰਥਿਕ ਸਵੈ-ਨਿਰਭਰਤਾ ਤੇ ਪਰੰਪਰਕ ਕੀਮਤਾਂ ਦੇ ਭਾਰ ਤੋਂ ਮੁਕਤੀ ਪ੍ਰਾਪਤ ਹੋਣ ਕਾਰਨ ਆਧੁਨਿਕ ਔਰਤ ਪਰੰਪਰਕ ਔਰਤ ਵਾਂਗ ਲਾਚਾਰ ਤੇ ਮਜਬੂਰ ਨਹੀਂ ਹੈ। ਉਸਦਾ ਸੰਕਟ ਟਲਣਯੋਗ ਹੈ। ਸਮੁੱਚੇ ਰੂਪ ਵਿਚ 'ਧੁੱਪ ਦੀ ਵਾਟ' ਤਿੰਨ ਪੀੜ੍ਹੀਆਂ ਦੀਆਂ ਔਰਤਾਂ ਦੀ ਤ੍ਰਾਸਦੀ ਨੂੰ ਬਦਲਦੇ ਸਮਾਜ-ਸਭਿਆਚਾਰ ਦੇ ਸੰਦਰਭ ਵਿਚ ਮੂਰਤੀਮਾਨ ਕਰਦਾ ਹੈ।

## *ਹਵਾਲੇ ਅਤੇ ਟਿੱਪਣੀਆਂ*

1. *ਸੁਰਜੀਤ ਗਿੱਲ, ਮਾਰਕਸਵਾਦ ਤੇ ਪੰਜਾਬੀ ਨਾਵਲ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2009, ਪੰਨਾ: 52*
2. *ਚਰਨਜੀਤ ਸਿੰਘ, ਬਲਜੀਤ ਕੌਰ ਬਲੀ ਦੇ ਨਾਵਲਾਂ ਵਿੱਚ ਇਸਤਰੀ ਦੇ ਰੂਪ (ਖੋਜ-ਨਿਬੰਧ), 1990-91, ਪੰਜਾਬੀ ਯੂਨੀਵਰਸਿਟੀ,*

ਪਟਿਆਲਾ, ਐਮ. ਫ਼ਿਲ., ਨਿਗਰਾਨ ਡਾ. ਮਾਨ ਸਿੰਘ ਢੀਂਡਸਾ, ਪੰਨਾ: 62
3. ਸੁਰਜੀਤ ਗਿੱਲ, ਉਹੀ, ਪੰਨਾ: 56
4. ਚਰਨਜੀਤ ਸਿੰਘ, ਉਹੀ, ਪੰਨਾ: 65
5. ਬਲਜੀਤ ਕੌਰ ਬਲੀ, ਧੁੱਪ ਦੀ ਵਾਟ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1986, ਪੰਨਾ: 122
6. ਚਰਨਜੀਤ ਸਿੰਘ, ਉਹੀ, ਪੰਨਾ: 92-93
7. ਬਲਜੀਤ ਕੌਰ ਬਲੀ, ਉਹੀ, ਪੰਨਾ: 178
8. ਚਰਨਜੀਤ ਸਿੰਘ, ਉਹੀ, ਪੰਨਾ: 51
9. ਬਲਜੀਤ ਕੌਰ ਬਲੀ, ਉਹੀ, ਪੰਨਾ: 52
10. ਉਹੀ, ਪੰਨਾ: 197
11. ਚਰਨਜੀਤ ਸਿੰਘ, ਉਹੀ, ਪੰਨਾ: 53
12. ਉਹੀ, ਪੰਨਾ: 49
13. ਸੁਰਜੀਤ ਗਿੱਲ, ਉਹੀ, ਪੰਨਾ: 53
14. ਚਰਨਜੀਤ ਸਿੰਘ, ਉਹੀ, ਪੰਨਾ: 61-62
15. ਬਲਜੀਤ ਕੌਰ ਬਲੀ, ਉਹੀ, ਪੰਨਾ: 115-116

**Cite this Article-**

*ਡਾ.ਕਿਰਨਪਾਲ ਕੌਰ (Dr. Kiranpal Kaur), ਬਲਜੀਤ ਕੌਰ ਬਲੀ ਦੇ ਪਾਤਰ: 'ਧੁੱਪ ਦੀ ਵਾਟ' ਨਾਵਲ ਦੇ ਸੰਦਰਭ ਵਿਚ (Baljeet Kaur Bali de patar: 'Dhup di vaat' Naval de Sandrabh vich), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 89-93.*

*Journal URL:* www.armaan.org.in

*DOI:* https://doi.org/10.64119/armaan.vol.3.issue4.17

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/